੧ ਓ ਸ੍ਰੀ ਵਾਹਿ ਗੁਰੂ ਜੀ ਕੀ ਫਤਹ ।

G.911

جلاوطن مہاراجہ

# ਜਲਾਵਤਨ ਮਹਾਰਾਜਾ

-ਲੇਖਕ-

ਗੁਰਮੁਖ ਸਿੰਘ "ਗੁਰਮੁਖ"

ਐਡੀਟਰ 'ਫਤਹ' ਲਾਹੌਰ

-ਪ੍ਰਕਾਸ਼ਕ-

ਸੰਟਰਲ ਖਾਲਸਾ ਯੰਗਮੈਨਜ਼ ਯੂਨੀਅਨ ਲਾਹੌਰ

25518

ੴ ਸਤਿਗੁਰ ਪ੍ਰਸਾਦਿ ॥

# ਮੁਖ ਬੰਦ

ਮਹਾਰਾਜਾ ਗੁਰਚਰਨ ਸਿੰਘ ਸਾਹਿਬ ਨਾਭਾ ਦੇ ਸਵਾਲ ਨੇ ਇਕ ਵਾਰ ਮੁੜ ਖਾਲਸਾ ਕੌਮ ਦਾ ਸਾਰਾ ਧਿਆਨ ਆਪਣੀ ਵਲ ਖਿਚ ਲਿਆ ਹੈ, ਵਸ਼ੇਸ਼ ਕਰਕੇ ਜਦ ਤੋਂ ਜਲਾਵਤਨ ਮਹਾਰਾਜਾ ਸਾਹਿਬ ਦੀ ਬਹਾਲੀ ਦਾ ਸਵਾਲ ਨੌਜਵਾਨ ਖਾਲਸਾ ਜੀ ਦੀ ਪ੍ਰਤੀਨਿਧ 'ਸੈਂਟਰਲ ਖਾਲਸਾ ਯੰਗ ਮੈਨਜ਼ ਯੂਨੀਅਨ ਲਾਹੌਰ' ਨੇ ਆਪਣੇ ਹਥ ਲਿਆ ਹੈ ਤਦ ਤੋਂ ਇਸ ਸਵਾਲ ਨਾਲ ਸਿਖਾਂ ਦੀ ਦਿਲਚਸਪੀ ਬੇਹਦ ਵਧ ਗਈ ਹੈ। ਨ ਕੇਵਲ ਸਿਖ ਹੀ ਸਗੋਂ ਇਨਸਾਫ ਪਸੰਦ ਹਿੰਦੂ, ਮੁਸਲਮਾਨ, ਤੇ ਈਸਾਈ ਵੀ ਇਸ ਸਵਾਲ ਨਾਲ ਖਾਸ ਦਿਲਚਸਪੀ ਲੈਣ ਲਗ ਪਏ ਹਨ। ਮਹਾਰਾਜਾ ਸਾਹਿਬ ਨਾਭਾ ਨਾਲ ਹੋਏ ਧਕੇ ਤੇ ਬੇਇਨਸਾਫੀ ਨੂੰ ਹਿੰਦੁਸਤਾਨ ਦਾ ਬਚਾ ਬਚਾ ਅਨਭਵ ਕਰ ਰਿਹਾ ਹੈ। ਪਰੰਤੂ ਮਹਾਰਾਜਾ ਸਾਹਿਬ ਨਾਭਾ ਦੀ ਜਲਾਵਤਨੀ ਕਿਉਂ ਤੇ ਕਿਨਾਂ ਹਾਲਤਾ ਦੇ ਅੰਦਰ ਅਮਲ ਵਿਚ ਆਈ? ਇਨਾਂ ਗਲਾਂ ਨੂੰ ਪਬਲਕ ਬਹੁਤ ਹਦ ਤਕ ਭੁਲ ਚੁਕੀ ਹੈ। ਇਸ ਲਈ ਪਬਲਿਕ ਨੂੰ ਆਮ ਕਰਕੇ ਅਤੇ ਸਿਖਾਂ ਨੂੰ ਖਾਸ ਕਰਕੇ



ਨਾਭੇ ਦੇ ਅਸਲ ਸਵਾਲ ਤੋਂ ਜਾਣੂੰ ਕਰਨਾ ਜ਼ਰੂਰੀ ਸਮਝ ਕੇ ਇਹ ਇਕ ਨਿਕੀ ਜਿਹੀ ਪੁਸਤਕ ਲਿਖੀ ਗਈ ਹੈ। ਇਸ ਤੋਂ ਪਹਿਲੋਂ ਵੀ ਜਦੋਂ ਮਹਾਰਾਜਾ ਸਾਹਿਬ ਨਾਭਾ ਦੀ ਜਲਾਵਤਨੀ ਅਮਲ ਵਿਚ ਆਈ ਸੀ ਉਦੋਂ ਵੀ ਮੈਂ ਇਕ ਪੁਸਤਕ 'ਨਾਭੇ ਦੇ ਰਾਜ ਤਿਆਗ ਦਾ ਕਚਾ ਚਿਠਾ' ਨਾਮੀ ਲਿਖਕੇ ਸੰਗਤਾਂ ਦੇ ਸਾਹਮਣੇ ਪੇਸ਼ ਕੀਤੀ ਸੀ। ਜਿਸ ਵਿਚ ਜਲਾਵਤਨੀ ਦੀ ਦਾਸਤਾਨ ਦਰਜ ਸੀ। ਉਸ ਪੁਸਤਕ ਦੇ ਛਪਣ ਮਗਰੋਂ ਬਹੁਤ ਸਾਰੇ ਹਾਲ ਐਸੇ ਹੋ ਚੁਕੇ ਹਨ ਜਿਨਹਾਂ ਦਾ ਸੰਗਤਾਂ ਨੂੰ ਪਤਾ ਨਹੀਂ। ਇਸਤੋਂ ਛੁਟ ਮਹਾਰਾਜਾ ਗੁਰਚਰਨ ਸਿੰਘ ਸਾਹਿਬ ਨਾਭਾ ਪਤੀ ਦਾ ਟਿਕਾ ਜੋ ਤਖਤ ਦਾ ਵਾਰਸ ਸੀ ਉਹ ਸਿਖ ਧਰਮ ਨੂੰ ਤਿਆਗਕੇ ਪਤਤ ਹੋ ਚੁਕਾ ਹੈ, ਜਿਸ ਕਰਕੇ ਨਾਭੇ ਦਾ ਸਵਾਲ ਹੋਰ ਵੀ ਪੇਚੀਦਾ ਹੋ ਗਿਆ ਹੈ ਅਤੇ ਕਈ ਲੋਕੀ ਨਾਭੇ ਦੇ ਸਵਾਲ ਨੂੰ ਅਤੇ ਪਤਤ ਟਿਕੇ ਦੇ ਸਵਾਲ ਨੂੰ ਖਲਤ ਮਲਤ ਕਰਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਇਸ ਲਈ ਇਹ ਲੋੜ ਬੁਰੀ ਤਰਾਂ ਅਨੁਭਵ ਕੀਤੀ ਜਾ ਰਹੀ ਸੀ ਕਿ ਕੋਈ ਪੁਸਤਕ ਐਸੀ ਲੋਕਾਂ ਦੇ ਹਥਾਂ ਵਿਚ ਦਿਤੀ ਜਾਵੇ ਜਿਸ ਵਿਚ ਨਾਭੇ ਦਾ ਸਾਰਾ ਤੇ ਅਸਲ ਸਵਾਲ ਦਰਜ ਹੋਵੇ, ਤਾਕਿ ਲੋਕ ਮੌਜੂਦਾ ਐਜੀਟੇਸ਼ਨ ਦੇ ਅਸਲ ਕਾਰਨਾਂ ਨੂੰ ਚੰਗੀ ਤਰਾਂ ਸਮਝ ਸਕਣ।

ਸੈਂਟਰਲ ਖਾਲਸਾ ਯੰਗਮੈਨਜ਼ ਯੂਨੀਅਨ ਦੀ ਜਨਰਲ ਮੀਟਿੰਗ ਨੇ ਵੀ ਇਸ ਲੋੜ ਨੂੰ ਅਨੁਭਵ ਕਰਕੇ ਆਪਣੀ ੧੯ ਜੂਨ ੧੯੪੦ ਦੀ ਮੀਟਿੰਗ ਵਿਚ ਇਸ ਭਾਵ ਦਾ ਮਤਾ ਪਾਸ ਕੀਤਾ ਹੈ ਕਿ ਮਹਾਰਾਜਾ ਸਾਹਿਬ ਨਾਭਾ ਦੀ ਜਲਾਵਤਨੀ ਤੇ ਦੁਖੜਿਆਂ

ਸਬੰਧੀ ਪਬਲਕ ਨੂੰ ਗਿਆਤ ਕਰਨ ਲਈ ਇਕ ਪੁਸਤਕ ਤਿਆਰ ਕੀਤੀ ਜਾਏ। ਇਸ ਤਰਾਂ ਉਪਰੋਕਤ ਯੂਨੀਅਨ ਦੇ ਇਸ ਮਤੇ ਅਨੁਸਾਰ ਪੁਸਤਕ ਤਿਆਰ ਕਰਨ ਦਾ ਕੰਮ ਯੂਨੀਅਨ ਦੇ ਪਰੈਜ਼ੀਡੈਂਟ ਸ: ਲਾਭ ਸਿੰਘ ਜੀ 'ਨਾਰੰਗ' ਨੇ ਦਾਸ ਦੇ ਸਪੁਰਦ ਕੀਤਾ। ਦਾਸ ਨੇ ਆਪਣੀ ਤੁਛ ਬੁਧੀ ਅਨੁਸਾਰ ਨਾਭੇ ਦੇ ਸਾਰੇ ਮਾਮਲੇ ਉਪਰ ਸੰਖੇਪ ਜਿਹੇ ਤਰੀਕੇ ਨਾਲ ਚਾਨਣਾ ਪਾਉਣ ਦਾ ਜਤਨ ਕੀਤਾ ਹੈ। ਇਸ ਜਤਨ ਵਿਚ ਮੈਨੂੰ ਕਿਥੋਂ ਤਕ ਸਫਲਤਾ ਹੋਈ ਹੈ? ਇਹ ਗਲ ਪਾਠਕ ਆਪ ਹੀ ਭਲੀ ਪ੍ਰਕਾਰ ਸਮਝ ਸਕਦੇ ਹਨ। ਜੇ ਇਸ ਪੁਸਤਕ ਨਾਲ ਨਾਭਾ ਸਵਾਲ ਦੇ ਹਲ ਵਿਚ ਥੋੜੀ ਬਹੁਤ ਸਹਾਇਤਾ ਵੀ ਮਿਲੀ ਤਦ ਮੈਂ ਆਪਣੀ ਮਿਹਨਤ ਸਫਲ ਸਮਝਾਂਗਾ।

(ਨੋਟ) ਉਰਦੂ ਤੇ ਅੰਗਰੇਜ਼ੀ ਵਿਚ ਵੀ ਇਸ ਤਰਾਂ ਦੀ ਪੁਸਤਕ ਯੂਨੀਅਨ ਵਲੋਂ ਛੇਤੀ ਪ੍ਰਕਾਸ਼ਤ ਕੀਤੀ ਜਾਵੇਗੀ।

ਲਾਹੌਰ
੨੬-੬-੧੯੪੦

ਗੁਰਮੁਖ ਸਿੰਘ 'ਗੁਰਮੁਖ'

## ਮਹਾਰਾਜਾ ਗੁਰਚਰਨ ਸਿੰਘ ਸਾਹਿਬ ਨਾਭਾ



੧੯੨੩ ਤੋਂ ਜਲਾਵਤਨ ਹਨ ਤੇ ਜਿਨ੍ਹਾਂ ਦੀ ਰਿਹਾਈ ਤੇ ਬਹਾਲੀ ਲਈ ਜ਼ਬਰਦਸਤ ਐਜੀਟੇਸ਼ਨ ਹੋ ਰਹੀ ਹੈ

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.